भारत 2023 INDIA

सत्यमेव जयते
Government of India

आज़ादी का अमृत महोत्सव

# ਪ੍ਰਦਰਸ਼ਨੀ
# ਵੀਰ ਬਾਲ ਦਿਵਸ

## 26 ਦਸੰਬਰ 2022

## ਪ੍ਰਦਰਸ਼ਨੀ ਲਈ ਜ਼ਰੂਰੀ ਹਦਾਇਤਾਂ

1. ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 365ਵੇਂ ਪ੍ਰਕਾਸ਼ ਪੁਰਬ ਦੇ ਮੌਕੇ ‘ਤੇ, ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਜੀ ਨੇ ਹਰ ਸਾਲ 26 ਦਸੰਬਰ ਨੂੰ ‘ਵੀਰ ਬਾਲ ਦਿਵਸ’ ਵਜੋਂ ਮਨਾਉਣ ਦਾ ਐਲਾਨ ਕੀਤਾ ਹੈ।

2. ‘ਵੀਰ ਬਾਲ ਦਿਵਸ’ ਦੇ ਮੌਕੇ ‘ਤੇ ਇਸ ਪ੍ਰਦਰਸ਼ਨੀ ਦਾ ਉਦੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਦੀ ਬਹਾਦਰੀ ਅਤੇ ਲਾਸਾਨੀ ਸ਼ਹਾਦਤ ਨੂੰ ਸ਼ਰਧਾ ਦੇ ਫੁੱਲ ਭੇਟਾ ਕਰਨਾ ਹੈ।

3. ਇਹ ਪ੍ਰਦਰਸ਼ਨੀ ਪੂਰੇ ਭਾਰਤ ਵਿੱਚ ਸਾਰੀਆਂ ਮਹੱਤਵਪੂਰਨ ਥਾਵਾਂ ਜਿਵੇਂ ਕਿ ਬੈਂਕ, ਡਾਕ- ਘਰਾਂ, ਮੈਟਰੋ ਸਟੇਸ਼ਨਾਂ, ਹਵਾਈ ਅੱਡਿਆਂ, ਰੇਲਵੇ ਸਟੇਸ਼ਨਾਂ, ਸਰਕਾਰੀ ਇਮਾਰਤਾਂ, ਵਿਦਿਅਕ ਸੰਸਥਾਵਾਂ, ਕਮਿਊਨਿਟੀ ਹਾਲ, ਪੈਟਰੋਲ ਪੰਪਾਂ, ਸ਼ਾਪਿੰਗ ਮਾਲ ਆਦਿ ਵਿਖੇ ਲਗਾਈ ਜਾਵੇ।

4. ਪ੍ਰਦਰਸ਼ਨੀ ਪੈਨਲਾਂ ਦੀ ਚੌੜਾਈ 2.5 ਫੁੱਟ ਅਤੇ ਲੰਬਾਈ 4 ਫੁੱਟ ਹੈ।

5. ਪ੍ਰਦਰਸ਼ਨੀ ਨੂੰ ਡਿਜੀਟਲ ਰੂਪ ਵਿੱਚ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ।

6. ਪ੍ਰਦਰਸ਼ਨੀ ਦੇ ਚਿੱਤਰ -ਪੈਨਲਾਂ ਨੂੰ ਸਨ-ਬੋਰਡ ‘ਤੇ ਵੀ ਛਾਪਿਆ ਜਾ ਸਕਦਾ ਹੈ ਅਤੇ ਈਜ਼ਲਾਂ ‘ਤੇ ਰੱਖਿਆ ਜਾ ਸਕਦਾ ਹੈ।

7. ਪ੍ਰਦਰਸ਼ਨੀ ਨੂੰ ਇੱਕ ਨਿਸ਼ਚਿਤ ਮਿਆਦ ਲਈ ਪ੍ਰਦਰਸ਼ਿਤ ਕੀਤਾ ਜਾਵੇ।

8. ਮੀਡੀਆ ਨੂੰ ਪ੍ਰਦਰਸ਼ਨੀ ਦੀ ਕਵਰੇਜ ਲਈ ਸੱਦਾ ਦਿੱਤਾ ਜਾਵੇ।

9. ਪ੍ਰਦਰਸ਼ਨੀ ਦੀ ਸਮਾਪਤੀ ਉਪਰੰਤ ਤਸਵੀਰਾਂ ਨੂੰ ਸਤਿਕਾਰ ਸਹਿਤ ਸੰਭਾਲਿਆ ਜਾਵੇ।

10. ਪ੍ਰਦਰਸ਼ਨੀ ਦੌਰਾਨ ਸਾਹਿਬਜ਼ਾਦਿਆਂ ਦੀ ਮਹਾਨ ਸ਼ਹੀਦੀ ਨੂੰ ਚੇਤੇ ਕਰਦਿਆਂ, ਧਾਰਮਿਕ ਭਾਵਨਾਵਾਂ ਅਤੇ ਮਰਯਾਦਾ ਦਾ ਖ਼ਾਸ ਧਿਆਨ ਰੱਖਿਆ ਜਾਵੇ।